# Fourth India-France Bilateral Cyber Dialogue

October 13, 2021

---

## ਭਾਰਤ-ਫਰਾਂਸ ਦੀ ਚੌਥੀ ਦੁਵੱਲੀ ਸਾਈਬਰ ਗੱਲਬਾਤ

**13 ਅਕਤੂਬਰ, 2021**

1. ਭਾਰਤ-ਫਰਾਂਸ ਦੀ ਚੌਥੀ ਦੁਵੱਲੀ ਸਾਈਬਰ ਗੱਲਬਾਤ 13 ਅਕਤੂਬਰ, 2021 ਨੂੰ ਵਰਚੁਅਲ ਮੋਡ ਰਾਹੀਂ ਹੋਈ। ਭਾਰਤੀ ਵਫ਼ਦ ਦੀ ਅਗਵਾਈ ਵਿਦੇਸ਼ ਮੰਤਰਾਲੇ ਦੇ ਸਾਂਝਾ ਸਕੱਤਰ (ਸਾਈਬਰ ਡਿਪਲੋਮੇਸੀ) ਸ਼੍ਰੀ ਅਤੁਲ ਮਲਹਾਰੀ ਗੋਤਸੁਰਵੇ ਨੇ ਕੀਤੀ। ਫਰਾਂਸੀਸੀ ਵਫ਼ਦ ਦੀ ਅਗਵਾਈ ਫਰਾਂਸ ਦੇ ਯੂਰਪੀ ਅਤੇ ਵਿਦੇਸ਼ ਮੰਤਰਾਲੇ ਦੇ ਡਿਜੀਟਲ ਮਾਮਲਿਆਂ ਦੇ ਰਾਜਦੂਤ ਸ਼੍ਰੀ ਹੈਨਰੀ ਵੇਰੀਡਰ ਨੇ ਕੀਤੀ। ਇਸ ਸਾਈਬਰ ਗੱਲਬਾਤ ਵਿੱਚ ਦੋਵਾਂ ਦੇਸ਼ਾਂ ਦੇ ਸਬੰਧਤ ਸਰਕਾਰੀ ਮੰਤਰਾਲਿਆਂ, ਏਜੰਸੀਆਂ ਅਤੇ ਵਿਭਾਗਾਂ ਦੇ ਅਧਿਕਾਰੀਆਂ ਨੇ ਸ਼ਿਰਕਤ ਕੀਤੀ।

2. ਇਸ ਸਾਈਬਰ ਗੱਲਬਾਤ ਦੌਰਾਨ ਸਾਈਬਰਸਪੇਸ ਵਿੱਚ ਮੌਜੂਦਾ ਦੁਵੱਲੇ ਸਹਿਯੋਗ ਦੇ ਵੱਖ-ਵੱਖ ਪਹਿਲੂਆਂ 'ਤੇ ਚਰਚਾ ਕੀਤੀ ਗਈ, ਦੁਵੱਲੇ, ਖੇਤਰੀ ਅਤੇ ਬਹੁਪੱਖੀ ਮੰਚਾਂ 'ਤੇ ਸਾਈਬਰ ਖੇਤਰ ਨਾਲ ਜੁੜੇ ਮੁੱਦਿਆਂ 'ਤੇ ਤਾਜ਼ਾ ਘਟਨਾਕ੍ਰਮ ਬਾਰੇ ਵਿਚਾਰ ਵਟਾਂਦਰਾ ਹੋਇਆ ਅਤੇ ਸਾਈਬਰ ਸਹਿਯੋਗ ਨੂੰ ਹੋਰ ਡੂੰਘਾ ਕਰਨ ਲਈ ਪਹਿਲਕਦਮੀਆਂ ਦੀ ਤਲਾਸ਼ ਕਰਨ ਬਾਰੇ ਚਰਚਾ ਹੋਈ।

3. ਦੋਨਾਂ ਵਫ਼ਦਾਂ ਨੇ ਆਪਸੀ ਮਹੱਤਤਾ ਵਾਲੇ ਵੱਖੋ ਵੱਖ ਵਿਸ਼ਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਸਾਈਬਰ ਸੁਰੱਖਿਆ, ਸਾਈਬਰ ਅਪਰਾਧ ਅਤੇ ਸਮਰੱਥਾ ਨਿਰਮਾਣ ਦੇ ਖੇਤਰਾਂ ਵਿੱਚ ਇੱਕ ਦੂਜੇ ਨਾਲ ਮਿਲ ਕੇ ਕੰਮ ਕਰਨ ਉੱਤੇ ਸਹਿਮਤੀ ਪ੍ਰਗਟਾਈ।

ਨਵੀਂ ਦਿੱਲੀ
ਅਕਤੂਬਰ 13, 2021

DISCLAIMER: This is an approximate translation. The original is available in English on MEA's website and may be referred to as the official press release.